# ਮਧੂ-ਮਿਹ (ਸ਼ੂਗਰ)

ਇਸ਼ਕ ਤੇ ਮੁਸ਼ਕ ਕਦੇ ਨਹੀਂ ਛੁਪਦੇ
ਨਾਂ ਛੁਪੇ ਮਧੂ-ਮਿਹ ਦੀ ਬਿਮਾਰੀ
ਜਦ ਬੰਦਾ ਫਿੱਕੀ ਚਾਹ ਮੰਗਦਾ
ਗੱਲ ਬਾਹਰ ਆ ਜਾਂਦੀ ਸਾਰੀ

ਚੂਰੀ ਕੁੱਟਾਂ ਤਾਂ ਖਾਂਦਾ ਨਹੀਓਂ
ਨਾਂ ਮੂਹਂ ਲੱਡੂਆਂ ਨੂੰ ਲਾਵੇ
ਮਧੂ-ਮਿਹ ਜਿਸ ਦੇ ਪਿਛੇ ਪੈਂਦੀ
ਉਹ ਇਸ਼ਕ ਕਰਨ ਤੋਂ ਜਾਵੇ

ਇਸ਼ਕ ਦੇ ਵਿਚ ਹੈ ਵਫਾ ਭਾਲਦਾ
ਹਰ ਬੰਦਾ ਸੰਸਾਰੀ
ਪਰ ਮਧੂ ਵਰਗੀ ਦੋਸਤ ਨੂੰ ਆਖੇ
ਤੂੰ ਛੱਡ ਮੇਰੀ ਵਫ਼ਾਦਾਰੀ

ਮਧੂ-ਮਿਹ ਉਸਨੂੰ ਉੱਤਰ ਦਿੰਦੀ
ਮੈਂ ਪੂਰੀ ਵਫ਼ਾਦਾਰ ਬਿਮਾਰੀ
ਸਾਥ ਦੇਵਾਂਗੀ ਤੇਰਾ ਯਾਰਾ
ਬਾਕੀ ਦੀ ਉਮਰਾਂ ਸਾਰੀ

ਪਹਿਲਾਂ ਖਾ ਕੇ ਲੱਡੂ ਬਰਫੀ
ਤੂੰ ਧਕੇ ਨਾਲ ਬੁਲਾਵੇਂ
ਜਦ ਤੇਰੇ ਬੂਹੇ ਤੇ ਆਵਾਂ
ਤਾਂ ਦੂਰ ਭਜਾਉਣਾ ਚਾਹਵੇਂ

ਬਹੁਤ ਹੀ ਕੇਰੇਂਗ ਮਧੂ ਮਾਸ਼ੂਕਾ
ਪਰ ਉਦਮ ਬਹੁਤ ਕਰੋਂਦੀ
ਅਮ੍ਰਿਤ ਵੇਲੇ ਉਠਾ ਕੇ ਯਾਰ ਨੂੰ
ਸ਼ੇਰਾਂ ਖ਼ੂਬ ਕਰੋਂਦੀ

ਆਪ ਸਹੇੜੀ ਸ਼ਾਦੀ ਵਾਂਗੂੰ
ਮਧੂ ਨੂੰ ਪਿਆਰ ਕਰੋ ਯਾਰੋ
ਪਤੀ ਤੇ ਪਤਨੀ ਜਿਦਾਂ ਲੜਦੇ
ਤੁਸੀਂ ਮਧੂ ਦੇ ਨਾਲ ਲੜੋ ਯਾਰੋ